# ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਖਸਰਾ ਹੈ?

# ਜਾਣਾ ਚਾਹੀਦਾ ਹੈ?


## ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਖਸਰਾ ਹੈ, ਤਾਂ ਕੀ ਕਰਨਾ ਚਾਹੀਦਾ ਹੈ?

**ਖਸਰੇ ਦੀ ਸ਼ੁਰੂਆਤ ਆਮ ਤੌਰ 'ਤੇ ਬੁਖਾਰ, ਖੰਘ, ਵਗਦੀ ਨੱਕ ਅਤੇ ਅੱਖਾਂ ਲਾਲ ਹੋਣ ਨਾਲ ਹੁੰਦੀ ਹੈ, ਜਿਸ ਤੋਂ ਬਾਅਦ ਸਰੀਰ 'ਤੇ ਲਾਲ ਦਾਣੇ ਨਿਕਲ ਆਉਂਦੇ ਹਨ। ਜੇਕਰ ਤੁਹਾਡੇ ਪਰਿਵਾਰ ਵਿੱਚ ਕਿਸੇ ਨੂੰ ਖਸਰੇ ਦੇ ਲੱਛਣ ਦਿਖਾਈ ਦਿੰਦੇ ਹਨ:**

**ਉਹਨਾਂ ਨੂੰ ਪਰਿਵਾਰ ਦੇ ਮੈਂਬਰਾਂ ਤੋਂ ਦੂਰ ਰੱਖੋ** ਜੋ ਬਿਮਾਰ ਨਹੀਂ ਹਨ।

**ਘਰ ਦੇ ਸਾਰੇ ਮੈਂਬਰਾਂ ਨੂੰ ਘਰ ਵਿੱਚ ਹੀ ਰਹਿਣਾ ਚਾਹੀਦਾ ਹੈ** ਤਾਂ ਜੋ ਤੁਹਾਡੇ ਗੁਆਂਢੀ ਜਾਂ ਘਰ ਤੋਂ ਬਾਹਰ ਦੇ ਹੋਰ ਲੋਕ ਬਿਮਾਰ ਨਾ ਹੋਣ।

**ਕਿਸੇ ਡਾਕਟਰ ਜਾਂ ਹਸਪਤਾਲ ਨੂੰ ਤੁਰੰਤ ਫ਼ੋਨ ਕਰੋ** ਤਾਂ ਜੋ ਉਹਨਾਂ ਨੂੰ ਇਹ ਜਾਣਕਾਰੀ ਦਿੱਤੀ ਜਾ ਸਕੇ ਕਿ ਤੁਹਾਡੇ ਘਰ ਵਿੱਚ ਕਿਸੇ ਵਿਅਕਤੀ ਨੂੰ ਖਸਰਾ ਹੈ। ਉਹ ਤੁਹਾਨੂੰ ਹਦਾਇਤਾਂ ਦੇਣਗੇ।



## ਖਸਰਾ ਹੋਣ 'ਤੇ ਕਦੋਂ ਐਮਰਜੈਂਸੀ ਰੂਮ


**ਜੇਕਰ ਬਿਮਾਰ ਵਿਅਕਤੀ ਦੀ ਹਾਲਤ ਤੇਜ਼ੀ ਨਾਲ ਵਿਗੜਦੀ ਹੈ ਜਾਂ ਉਸ ਵਿੱਚ ਹੇਠਾਂ ਦਿੱਤੇ ਲੱਛਣਾਂ ਵਿੱਚੋਂ ਕੋਈ ਵੀ ਲੱਛਣ ਦਿਖਾਈ ਦਿੰਦਾ ਹੈ,**

**ਤਾਂ ਉਸਨੂੰ ਤੁਰੰਤ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਲੈ ਕੇ ਜਾਓ।**

**ਇੰਤਜ਼ਾਰ ਨਾ ਕਰੋ।**



**ਸਾਹ ਲੈਣ ਵਿੱਚ ਤਕਲੀਫ਼** (ਜਾਂ ਆਮ ਨਾਲੋਂ ਤੇਜ਼ ਸਾਹ ਆਉਣਾ)



**ਸਾਹ ਲੈਣ ਜਾਂ ਖੰਘਣ ਵੇਲੇ ਦਰਦ ਹੋਣਾ**



**ਸਰੀਰ ਵਿੱਚ ਪਾਣੀ ਦੀ ਕਮੀ** (ਨੱਕ ਅਤੇ ਮੂੰਹ ਦਾ ਸੁੱਕਣਾ, ਪੇਸ਼ਾਬ ਘੱਟ ਆਉਣਾ, ਹੰਝੂਆਂ ਤੋਂ ਬਿਨਾਂ ਰੋਣਾ)

**ਬੁਖਾਰ ਜਾਂ ਸਿਰਦਰਦ ਦਾ**



**ਠੀਕ ਨਾ ਹੋਣਾ**



**ਘਬਰਾਹਟ, ਸੁਚੇਤਨਾ ਵਿੱਚ ਕਮੀ, ਜਾਂ ਬਹੁਤ ਜ਼ਿਆਦਾ ਕਮਜ਼ੋਰੀ ਹੋਣਾ**



**ਮੂੰਹ ਦੇ ਆਲੇ-ਦੁਆਲੇ ਨੀਲਾ ਰੰਗ ਪੈਣਾ, ਸਰੀਰ ਵਿੱਚ ਬਿਲਕੁਲ ਜਾਨ ਨਾ ਰਹਿਣਾ, ਜਾਂ ਦੁੱਧ ਪੀਣ/ਖਾਣਾ ਖਾਣ ਵਿੱਚ ਤਕਲੀਫ਼ ਹੋਣਾ** (ਛੋਟੇ ਬੱਚਿਆਂ ਲਈ)

**ਆਪਣੇ ਪਹੁੰਚਣ ਤੋਂ ਪਹਿਲਾਂ ਕਿਸੇ ਕੋਲੋਂ ਫ਼ੋਨ ਕਰਵਾ ਲਓ। ਹਸਪਤਾਲ ਨੂੰ ਪਹਿਲਾਂ ਹੀ ਸੂਚਿਤ ਕਰ ਦਿਓ ਕਿ ਖਸਰੇ ਦਾ ਮਰੀਜ਼ ਆ ਰਿਹਾ ਹੈ।**

ਖਸਰੇ ਨਾਲ ਨਜਿੱਠਣ ਲਈ ਤਿਆਰ ਰਹੋ
cdc.gov/measles